*ਇਹ ਤੱਥਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਡਾਕੂਮੈਂਟ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਵਰਕਰਜ਼ ਕੰਪਨਸੇਸ਼ਨ ਐਕਟ ਅਤੇ ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ, ਵੌਲੀਊਮਜ਼ I ਅਤੇ II ਦੇਖੋ।*

ਸੋਧਿਆ: ਅਕਤੂਬਰ 2019

# ਵਿਦੇਸ਼ੀ ਵਰਕਰ

ਇਹ ਤੱਥਸ਼ੀਟ ਬ੍ਰਿਟਿਸ਼ ਕੋਲੰਬੀਆ ਵਿਚਲੇ ਉਨ੍ਹਾਂ ਵਰਕਰਾਂ ਲਈ ਜਾਣਕਾਰੀ ਪ੍ਰਦਾਨ ਕਰਦੀ ਹੈ ਜਿਹੜੇ ਨਾ ਤਾਂ ਕੈਨੇਡਾ ਦੇ ਸਿਟੀਜ਼ਨ ਹਨ ਅਤੇ ਨਾ ਹੀ ਕੈਨੇਡਾ ਦੇ ਪੱਕੇ ਵਸਨੀਕ। ਪਹਿਲਾ ਹਿੱਸਾ ਮੁਆਵਜ਼ੇ (ਕੰਪਨਸੇਸ਼ਨ) ਦੇ ਕਲੇਮਾਂ ਬਾਰੇ ਹੈ। ਦੂਜਾ ਹਿੱਸਾ ਕੰਮ 'ਤੇ ਸਿਹਤ ਅਤੇ ਸੁਰੱਖਿਆ ਬਾਰੇ ਹੈ।

## ਮੁਆਵਜ਼ਾ (ਕੰਪਨਸੇਸ਼ਨ)

### ਜੇ ਕੰਮ 'ਤੇ ਮੇਰੇ ਸੱਟ ਲੱਗ ਜਾਵੇ, ਜਾਂ ਮੈਨੂੰ ਕੰਮ ਨਾਲ ਸੰਬੰਧਿਤ ਕੋਈ ਬੀਮਾਰੀ ਹੋ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਡੇ ਲਈ ਆਪਣੇ ਐਕਸੀਡੈਂਟ ਜਾਂ ਬੀਮਾਰੀ ਬਾਰੇ ਫੌਰਨ ਆਪਣੇ ਕੰਮ-ਮਾਲਕ ਜਾਂ ਸੁਪਰਵਾਈਜ਼ਰ ਨੂੰ ਦੱਸਣਾ ਜ਼ਰੂਰੀ ਹੈ। ਤੁਹਾਨੂੰ ਡਾਕਟਰੀ ਇਲਾਜ ਦਾ ਹੱਕ ਹੈ। ਮਾਮੂਲੀ ਸੱਟਾਂ ਦਾ ਇਲਾਜ ਫਸਟ ਏਡ ਅਟੈਨਡੈਂਟ ਵਲੋਂ ਕੀਤਾ ਜਾ ਸਕਦਾ ਹੈ, ਪਰ ਜ਼ਿਆਦਾ ਗੰਭੀਰ ਸੱਟਾਂ ਦਾ ਇਲਾਜ ਹਸਪਤਾਲ ਵਿਚ ਹੋਣਾ ਚਾਹੀਦਾ ਹੈ। ਤੁਹਾਨੂੰ ਪੈਰਵੀ ਲਈ ਡਾਕਟਰ ਦੇ ਦਫਤਰ ਵੀ ਜਾਣਾ ਚਾਹੀਦਾ ਹੈ।

ਜੇ ਤੁਹਾਡੀ ਸੱਟ ਜਾਂ ਬੀਮਾਰੀ ਕੰਮ 'ਤੇ ਨਾ ਜਾ ਸਕਣ ਦਾ ਕਾਰਨ ਬਣਦੀ ਹੈ, ਜਾਂ ਜੇ ਇਹ ਲਗਾਤਾਰ ਰਹਿੰਦੀ ਹੈ ਤਾਂ ਤੁਹਾਨੂੰ ਵਰਕਸੇਫ ਬੀ ਸੀ ਤੋਂ ਮੁਆਵਜ਼ੇ (ਕੰਪਨਸੇਸ਼ਨ) ਲਈ ਕਲੇਮ ਕਰਨਾ ਚਾਹੀਦਾ ਹੈ। ਜੇ ਤੁਹਾਡਾ ਕਲੇਮ ਪ੍ਰਵਾਨ ਕਰ ਲਿਆ ਜਾਂਦਾ ਹੈ ਤਾਂ ਤੁਹਾਨੂੰ ਤਨਖਾਹ ਦੇ ਨੁਕਸਾਨ ਦੇ ਬੈਨੇਫਿਟਸ, ਮੈਡੀਕਲ ਅਤੇ ਹੋਰ ਬੈਨੇਫਿਟਸ ਮਿਲ ਸਕਦੇ ਹਨ।

### ਮੈਂ ਵਰਕਸੇਫ ਬੀ ਸੀ ਨਾਲ ਕਲੇਮ ਕਿਵੇਂ ਕਰਨਾ ਹੈ?

ਆਮ ਤੌਰ 'ਤੇ, ਕਲੇਮ ਦਰਜ ਕਰਵਾਉਣ ਦਾ ਸਭ ਤੋਂ ਢੁਕਵਾਂ ਤਰੀਕਾ ਉਨ੍ਹਾਂ ਦੇ ਟੋਲ ਫ੍ਰੀ (ਮੁਫਤ) ਨੰਬਰ 'ਤੇ ਫੋਨ ਕਰਨਾ ਹੈ: 1 888 967-5377. ਬੇਨਤੀ ਕਰਨ 'ਤੇ ਦੋਭਾਸ਼ੀਏ ਮਿਲ ਸਕਦੇ ਹਨ।

ਤੁਸੀਂ ਬ੍ਰਿਟਿਸ਼ ਕੋਲੰਬੀਆ ਵਿਚ ਵਰਕਸੇਫ ਬੀ ਸੀ ਦੇ ਕਿਸੇ ਵੀ ਦਫਤਰ ਵਿਚ ਜਾ ਸਕਦੇ ਹੋ ਅਤੇ ਅਰਜ਼ੀ ਫਾਰਮ ਲੈ ਸਕਦੇ ਹੋ।

ਤੁਸੀਂ ਵਰਕਸੇਫ ਬੀ ਸੀ ਦੇ ਵੈੱਬਸਾਈਟ 'ਤੇ ਵੀ ਜਾ ਸਕਦੇ ਹੋ ਅਤੇ ਔਨਲਾਈਨ ਫਾਇਲ ਕਰ ਸਕਦੇ ਹੋ। ਵੈੱਬਸਾਈਟ ਐਡਰੈਸ ਹੈ: www.worksafebc.com

### ਹਾਲਾਂਕਿ ਕਿ ਮੈਂ ਕਿਸੇ ਹੋਰ ਦੇਸ਼ ਤੋਂ ਹਾਂ, ਜੋ ਕਿ ਬ੍ਰਿਟਿਸ਼ ਕੋਲੰਬੀਆ ਵਿਚ ਆਰਜ਼ੀ ਤੌਰ 'ਤੇ ਕੰਮ ਕਰ ਰਿਹਾ/ਰਹੀ ਹਾਂ, ਕੀ ਇਹ ਮੇਰੇ ਕਲੇਮ ਕਰਨ ਦੇ ਹੱਕ 'ਤੇ ਅਸਰ ਪਾਉਂਦਾ ਹੈ?

ਕਲੇਮ ਕਰਨ ਦਾ ਹੱਕ ਆਮ ਤੌਰ 'ਤੇ ਸੱਟ ਲੱਗਣ ਦੀ ਥਾਂ ਮੁਤਾਬਕ ਨਿਸ਼ਚਿਤ ਕੀਤਾ ਜਾਂਦਾ ਹੈ, ਨਾ ਕਿ ਤੁਹਾਡੇ ਪਿਛਲੇ ਦੇਸ਼ ਮੁਤਾਬਕ। ਜੇ ਵਰਕਸੇਫ ਬੀ ਸੀ ਇਹ ਫੈਸਲਾ ਕਰਦਾ ਹੈ ਕਿ ਤੁਹਾਡੀ ਸੱਟ ਬ੍ਰਿਟਿਸ਼ ਕੋਲੰਬੀਆ ਵਿਚਲੇ ਤੁਹਾਡੇ ਕੰਮ ਕਰਕੇ ਲੱਗੀ ਹੈ ਤਾਂ ਤੁਹਾਨੂੰ ਮੁਆਵਜ਼ਾ ਮਿਲਣ ਦੀ ਸੰਭਾਵਨਾ ਹੈ। ਹਰ ਕੇਸ ਨਿੱਜੀ ਖਾਸੀਅਤ ਮੁਤਾਬਕ ਵਿਚਾਰਿਆ ਜਾਂਦਾ ਹੈ।

### ਜੇ ਮੇਰਾ ਕੰਮ-ਮਾਲਕ ਵਰਕਸੇਫ ਬੀ ਸੀ ਨਾਲ ਰਜਿਸਟਰ ਨਾ ਹੋਵੇ ਜਾਂ ਜੇ ਉਹ ਵਰਕਰਜ਼ ਕੰਪਨਸੇਸ਼ਨ ਪ੍ਰੀਮੀਅਮ ਨਾ ਦਿੰਦਾ ਹੋਵੇ ਤਾਂ ਕੀ ਹੋਵੇਗਾ?

ਭਾਵੇਂ ਤੁਹਾਡਾ ਕੰਮ-ਮਾਲਕ ਰਜਿਸਟਰ ਨਾ ਵੀ ਹੋਵੇ ਜਾਂ ਉਸ ਨੇ ਪ੍ਰੀਮੀਅਮ ਨਾ ਵੀ ਦਿੱਤੇ ਹੋਣ ਤੁਸੀਂ ਫਿਰ ਵੀ ਕਵਰਡ ਹੋ।

### ਮੈਨੂੰ ਡਰ ਲੱਗਦਾ ਹੈ ਕਿ ਜੇ ਮੈਂ ਕਲੇਮ ਕੀਤਾ ਤਾਂ ਮੇਰਾ ਕੰਮ ਜਾਂਦਾ ਰਹੇਗਾ। ਮੈਨੂੰ ਕੀ ਕਰਨਾ ਚਾਹੀਦਾ ਹੈ?

ਕਾਨੂੰਨ ਕੰਮ-ਮਾਲਕਾਂ ਨੂੰ ਇਨ੍ਹਾਂ ਚੀਜ਼ਾਂ ਤੋਂ ਮਨਾਹੀ ਕਰਦਾ ਹੈ:

- ਵਰਕਰਾਂ ਨੂੰ ਕਲੇਮ ਕਰਨ ਤੋਂ ਰੋਕਣ ਦੀ, ਜਾਂ
- ਕਲੇਮ ਕਰਨ ਵਾਲੇ ਵਰਕਰਾਂ ਵਿਰੁੱਧ ਕੋਈ ਬਦਲਾ-ਲਊ ਕਾਰਵਾਈ ਕਰਨ ਦੀ।

ਇਸ ਦੇ ਨਾਲ ਹੀ, ਕੰਮ-ਮਾਲਕ ਵਰਕਸੇਫ ਬੀ ਸੀ ਤੋਂ ਕਲੇਮਾਂ ਦੇ ਬੈਨੇਫਿਟਸ ਲੈਣ ਦੇ ਆਪਣੇ ਹੱਕ ਤਿਆਗਣ ਬਾਰੇ ਵਰਕਰਾਂ ਨਾਲ ਸੌਦਾ ਨਹੀਂ ਕਰ ਸਕਦੇ। ਅਜਿਹੇ ਕਿਸੇ ਵੀ ਸੌਦੇ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਵਰਕਰ ਅਜੇ ਵੀ ਕਲੇਮ ਕਰ ਸਕਦੇ ਹਨ।

ਜੇ ਤੁਹਾਡਾ ਕੰਮ-ਮਾਲਕ ਇਨ੍ਹਾਂ ਵਿੱਚੋਂ ਕੋਈ ਚੀਜ਼ ਕਰਦਾ ਹੈ ਤਾਂ ਆਪਣੀ ਸੱਟ ਬਾਰੇ ਅਤੇ ਇਸ ਦੇ ਨਾਲ ਨਾਲ ਤੁਹਾਡੇ 'ਤੇ ਦਬਾਅ ਪਾਉਣ ਲਈ ਤੁਹਾਡੇ ਕੰਮ-ਮਾਲਕ ਨੇ ਜੋ ਕੀਤਾ ਹੈ ਉਸ ਬਾਰੇ ਰਿਪੋਰਟ ਕਰਨ ਲਈ ਤੁਹਾਨੂੰ ਫੌਰਨ ਵਰਕਸੇਫ ਬੀ ਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਸੀਂ ਵਰਕਸੇਫ ਬੀ ਸੀ ਨਾਲ ਸੰਪਰਕ ਕਰਨ ਤੋਂ ਪਹਿਲਾਂ ਜ਼ਿਆਦਾ ਸਮਾਂ ਉਡੀਕ ਕਰਦੇ ਹੋ ਤਾਂ ਆਪਣੇ ਕਲੇਮ ਦੇ ਹੱਕ ਵਿਚ ਕਾਫੀ ਸਬੂਤ ਲੈਣਾ ਬਹੁਤ ਲੇਟ ਹੋ ਸਕਦਾ ਹੈ।

ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਅੰਗਰੇਜ਼ੀ ਵਿਚ ਸਾਡੀ ਤੱਥਸ਼ੀਟ "ਕਲੇਮ ਸੁਪਰੈਸ਼ਨ" ਦੇਖੋ।

### ਜੇ ਮੇਰੇ ਸੱਟ ਕੰਮ-ਮਾਲਕ ਦੀ ਗੱਡੀ ਵਿਚ ਕੰਮ 'ਤੇ ਜਾਣ ਜਾਂ ਕੰਮ ਤੋਂ ਆਉਣ ਦੌਰਾਨ ਲੱਗੀ ਹੋਵੇ ਤਾਂ ਕੀ ਹੋਵੇਗਾ?

ਵਰਕਰ ਉਨ੍ਹਾਂ ਸੱਟਾਂ ਲਈ ਮੁਆਵਜ਼ੇ ਦੇ ਹੱਕਦਾਰ ਹੁੰਦੇ ਹਨ ਜਿਹੜੀਆਂ ਕੰਮ ਨਾਲ ਸੰਬੰਧਿਤ ਫਰਜ਼ ਨਿਭਾਉਂਦਿਆਂ ਲੱਗੀਆਂ ਹੁੰਦੀਆਂ ਹਨ। ਜੇ ਤੁਹਾਡੇ ਕੰਮ ਨਾਲ ਸੰਬੰਧਿਤ ਫਰਜ਼ਾਂ ਵਿਚ ਕੰਮ ਵਾਲੀਆਂ ਥਾਂਵਾਂ ਵਿਚਕਾਰ ਸਫਰ ਕਰਨਾ ਸ਼ਾਮਲ ਹੈ ਤਾਂ ਇਹ ਸੰਭਾਵਨਾ ਹੈ ਕਿ ਤੁਸੀਂ ਕੰਮ ਵਾਲੀ ਥਾਂ ਨੂੰ ਜਾਣ ਜਾਂ ਉੱਥੋਂ ਆਉਣ ਦੌਰਾਨ ਕਿਸੇ ਐਕਸੀਡੈਂਟ ਦੇ ਨਤੀਜੇ ਵਜੋਂ ਲੱਗੀ ਸੱਟ ਲਈ ਕਵਰ ਹੋਵੋਗੇ। ਤੁਸੀਂ ਮੁਆਵਜ਼ੇ ਲਈ ਤਾਂ ਵੀ ਹੱਕਦਾਰ ਹੋ ਸਕਦੇ ਹੋ ਜੇ ਤੁਸੀਂ ਆਪਣੇ ਕੰਮ-ਮਾਲਕ ਵਲੋਂ ਪ੍ਰਦਾਨ ਕੀਤੀ ਗਈ ਟ੍ਰਾਂਸਪੋਰਟੇਸ਼ਨ ਵਿਚ ਕੰਮ ਦੀ ਥਾਂ 'ਤੇ ਜਾਣ ਜਾਂ ਵਾਪਸ ਆਉਣ ਦੌਰਾਨ ਜ਼ਖਮੀ ਹੋਏ ਸੀ ਜਿਵੇਂ ਕਿ ਵਰਕਰਾਂ ਨੂੰ ਲਿਜਾਣ ਵਾਲੀ ਬੱਸ ਵਿਚ।

ਜੇ ਐਕਸੀਡੈਂਟ ਵਿਚ ਕੋਈ ਹੋਰ ਸ਼ਾਮਲ ਹੈ ਜਿਹੜਾ ਉਸ ਵੇਲੇ ਕੰਮ ਨਹੀਂ ਕਰ ਰਿਹਾ ਸੀ ਤਾਂ ਤੁਹਾਡਾ ਇਨਸ਼ੋਰੈਂਸ ਕਾਰਪੋਰੇਸ਼ਨ ਔਫ ਬ੍ਰਿਟਿਸ਼ ਕੋਲੰਬੀਆ (ICBC) ਹੇਠ ਮੋਟਰ ਵਹੀਕਲ ਦਾ ਕਲੇਮ ਵੀ ਹੋ ਸਕਦਾ ਹੈ। ਇਹ ਕਾਨੂੰਨ ਦਾ ਇਕ ਗੁੰਝਲਦਾਰ ਖੇਤਰ ਹੈ, ਇਸ ਕਰਕੇ ਤੁਹਾਨੂੰ ਐਕਸੀਡੈਂਟ ਤੋਂ ਬਾਅਦ ਜਿੰਨਾ ਵੀ ਛੇਤੀ ਹੋ ਸਕੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਅੰਗਰੇਜ਼ੀ ਵਿਚ ਸਾਡੀ ਤੱਥਸ਼ੀਟ "ਥਰਡ ਪਾਰਟੀ ਕਲੇਮਜ਼" ਦੇਖੋ।

## ਜੇ ਮੈਂ ਬ੍ਰਿਟਿਸ਼ ਕੋਲੰਬੀਆ ਵਿਚ ਸਿਰਫ ਥੋੜ੍ਹੇ ਜਿਹੇ ਸਮੇਂ ਤੋਂ ਹੀ ਕੰਮ ਕਰ ਰਿਹਾ/ਰਹੀ ਹੋਵਾਂ ਤਾਂ ਵਰਕਸੇਫ ਬੀ ਸੀ ਮੇਰੇ ਵਰਕਰਜ਼ ਕੰਪਨਸੇਸ਼ਨ ਬੈਨੇਫਿਟਸ ਦਾ ਹਿਸਾਬ ਕਿਵੇਂ ਲਾਵੇਗਾ?

ਜੇ ਕੰਮ 'ਤੇ ਲੱਗੀ ਤੁਹਾਡੀ ਸੱਟ ਦਾ ਨਤੀਜਾ ਕਿਸੇ ਡਿਸਏਬਿਲਟੀ (ਅਪਾਹਜਤਾ) ਵਿਚ ਨਿਕਲਦਾ ਹੈ ਜਿਸ ਨਾਲ ਤੁਸੀਂ ਆਪਣਾ ਕੰਮ ਨਹੀਂ ਕਰ ਸਕਦੇ ਤਾਂ ਵਰਕਸੇਫ ਬੀ ਸੀ ਨੂੰ ਤੁਹਾਡੀ ਤਨਖਾਹ ਦੇ ਨੁਕਸਾਨ ਨੂੰ ਕਵਰ ਕਰਨਾ ਚਾਹੀਦਾ ਹੈ। ਤੁਹਾਡੀ ਡਿਸਏਬਿਲਟੀ ਦੇ ਪਹਿਲੇ 10 ਹਫਤਿਆਂ ਲਈ, ਤੁਹਾਡੀ ਤਨਖਾਹ ਦੇ ਨੁਕਸਾਨ ਦੇ ਬੈਨੇਫਿਟਸ ਦਾ ਹਿਸਾਬ ਤੁਹਾਡੇ ਸੱਟ ਲੱਗਣ ਦੇ ਸਮੇਂ ਤੁਹਾਡੀ ਤਨਖਾਹ ਦੇ ਰੇਟ ਦੇ ਆਧਾਰ 'ਤੇ ਲਗਾਏ ਜਾਣ ਦੀ ਸੰਭਾਵਨਾ ਹੈ। ਉਸ ਤੋਂ ਬਾਅਦ, ਜੇ ਤੁਸੀਂ ਲੰਮੇ ਸਮੇਂ ਲਈ ਬੈਨੇਫਿਟਸ ਲਈ ਯੋਗ ਹੋਵੋ ਤਾਂ ਉਹ ਆਮ ਤੌਰ 'ਤੇ ਤੁਹਾਡੇ ਸੱਟ ਲੱਗਣ ਤੋਂ ਪਹਿਲਾਂ ਦੇ 12 ਮਹੀਨਿਆਂ ਦੇ ਕੰਮ ਦੌਰਾਨ ਤੁਹਾਡੀ ਤਨਖਾਹ ਦੇ ਰੇਟ 'ਤੇ ਆਧਾਰਿਤ ਹੋਣਗੇ। ਬੀ ਸੀ ਵਿਚ ਨਵੇਂ ਆਉਣ ਵਾਲਿਆਂ ਲਈ, ਇਹ ਸਮਾਂ ਕੈਨੇਡਾ ਵਿਚ ਤੁਹਾਡੇ ਕੰਮ ਦੇ ਸਮੇਂ ਅਤੇ ਤੁਹਾਡੇ ਪਿਛਲੇ ਦੇਸ਼ ਵਿਚ ਤੁਹਾਡੇ ਕੰਮ ਦੇ ਸਮੇਂ ਦਾ ਸੁਮੇਲ ਹੋ ਸਕਦਾ ਹੈ।

ਇਹ ਇਕ ਗੁੰਝਲਦਾਰ ਖੇਤਰ ਹੈ ਅਤੇ ਆਪਣੇ ਕੇਸ ਵਿਚ ਕੁਝ ਖਾਸ ਸਲਾਹ ਅਤੇ ਮਦਦ ਲੈਣ ਲਈ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਆਪਣੇ ਕਲੇਮ, ਰਿਵੀਊ, ਜਾਂ ਅਪੀਲ ਦਾ ਫੈਸਲਾ ਹੋਣ ਤੋਂ ਪਹਿਲਾਂ ਜੇ ਮੈਨੂੰ ਕੈਨੇਡਾ ਛੱਡ ਕੇ ਜਾਣਾ ਪਵੇ ਤਾਂ ਕੀ ਹੋਵੇਗਾ?

ਜੇ ਤੁਸੀਂ ਕੈਨੇਡਾ ਤੋਂ ਜਾਣ ਵੇਲੇ ਅਜੇ ਵੀ ਫੈਸਲੇ ਦੀ ਉਡੀਕ ਕਰ ਰਹੇ ਹੋਵੋ ਤਾਂ ਤੁਹਾਡੇ ਜਾਣ ਤੋਂ ਬਾਅਦ ਫੈਸਲਾ ਕਰਨ ਦੇ ਅਮਲ ਰਾਹੀਂ ਤੁਹਾਡੇ ਕੇਸ ਉੱਪਰ ਕਾਰਵਾਈ ਜਾਰੀ ਰਹੇਗੀ। ਫੈਸਲੇ ਕਰਨ ਵਾਲੇ ਨੂੰ ਤੁਹਾਡੇ ਤੋਂ ਹੋਰ ਜਾਣਕਾਰੀ ਜਾਂ ਪੇਪਰਾਂ ਦੀ ਲੋੜ ਪੈ ਸਕਦੀ ਹੈ, ਇਸ ਕਰਕੇ ਤੁਹਾਡਾ ਐਡਰੈਸ ਬਦਲਣ 'ਤੇ ਤੁਹਾਡੇ ਨਾਲ ਸੰਪਰਕ ਕਰਨ ਦੀ ਸਭ ਤੋਂ ਤਾਜ਼ਾ ਜਾਣਕਾਰੀ ਵਰਕਸੇਫ ਬੀ ਸੀ, ਰਿਵੀਊ ਡਿਵੀਜ਼ਨ (Review Division) ਅਤੇ ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ ("ਡਬਲਯੂ ਸੀ ਏ ਟੀ") (WCAT) ਨੂੰ ਦੇਣਾ ਮਹੱਤਵਪੂਰਨ ਹੈ।

## ਜੇ ਮੇਰੇ ਤੋਂ ਬੀ.ਸੀ. ਨੂੰ ਛੱਡਣ ਅਤੇ ਆਪਣੇ ਦੇਸ਼ ਵਾਪਸ ਜਾਣ ਦੀ ਮੰਗ ਕੀਤੀ ਜਾਵੇ ਅਤੇ ਉਸ ਸਮੇਂ ਤੱਕ ਮੈਂ ਠੀਕ ਨਾ ਹੋਇਆ/ਹੋਈ ਹੋਵਾਂ ਤਾਂ ਕੀ ਮੇਰੇ ਬੈਨੇਫਿਟਸ ਜਾਰੀ ਰਹਿਣਗੇ?

ਹਾਂ। ਤੁਹਾਡਾ ਕਲੇਮ ਜਾਰੀ ਰਹਿੰਦਾ ਹੈ, ਅਤੇ ਤੁਸੀਂ ਤਨਖਾਹ ਦੇ ਬਦਲ, ਡਾਕਟਰੀ ਇਲਾਜ, ਅਤੇ ਹੋਰ ਬੈਨੇਫਿਟਸ ਲਈ ਹੱਕਦਾਰ ਰਹਿੰਦੇ ਹੋ। ਤੁਹਾਨੂੰ ਆਪਣੇ ਦੇਸ਼ ਵਿਚ ਤੁਹਾਡੇ ਨਾਲ ਸੰਪਰਕ ਕਰਨ ਦੀ ਜਾਣਕਾਰੀ ਵਰਕਸੇਫ ਬੀ ਸੀ ਨੂੰ ਦੇਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਨਾਲ ਬੈਂਕਿੰਗ ਦੀ ਜਾਣਕਾਰੀ ਵਿਚ ਹੋਈ ਕੋਈ ਵੀ ਤਬਦੀਲੀ ਬਾਰੇ ਦੱਸਣਾ ਚਾਹੀਦਾ ਹੈ।

ਜੇ ਵਰਕਸੇਫ ਬੀ ਸੀ ਕੈਨੇਡਾ ਤੋਂ ਤੁਹਾਡੀ ਰਵਾਨਗੀ ਦੇ ਸਮੇਂ ਅਜੇ ਵੀ ਤੁਹਾਡੀ ਡਿਸਏਬਿਲਟੀ ਨੂੰ ਆਰਜ਼ੀ (ਟੈਂਪਰੇਰੀ) ਸਮਝਦਾ ਹੋਵੇ ਤਾਂ ਤੁਹਾਡੇ ਬੈਨੇਫਿਟਸ ਬਾਅਦ ਵਿਚ ਬਦਲ ਸਕਦੇ ਹਨ। ਤੁਹਾਡੀ ਡਿਸਏਬਿਲਟੀ ਦੇ ਦਰਜੇ ਦਾ ਪਤਾ ਲਾਉਣ ਲਈ ਵਰਕਸੇਫ ਬੀ ਸੀ ਤੁਹਾਨੂੰ ਆਪਣੇ ਦੇਸ਼ ਵਿਚ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਕੋਲ ਜਾ ਕੇ ਮੈਡੀਕਲ ਚੈੱਕਅੱਪ ਕਰਵਾਉਣ ਲਈ ਕਹਿ ਸਕਦਾ ਹੈ।

ਜੇ ਤੁਹਾਨੂੰ ਕੰਮ ’ਤੇ ਲੱਗੀ ਆਪਣੀ ਸੱਟ ਕਰਕੇ ਸਿਹਤ ਸੇਵਾਵਾਂ ਲੈਣਾ ਜਾਰੀ ਰੱਖਣ ਦੀ ਲੋੜ ਹੋਵੇ ਤਾਂ ਵਰਕਸੇਫ ਬੀ ਸੀ ਵਲੋਂ ਪ੍ਰਵਾਨਿਤ ਸੇਵਾਵਾਂ ਦੇ ਵਾਜਬ ਖਰਚਿਆਂ ਨੂੰ ਕਵਰ ਕਰਨਾ ਜਾਰੀ ਰੱਖਣ ਦੀ ਸੰਭਾਵਨਾ ਹੈ। ਫਿਰ ਵੀ, ਆਪਣੀ ਰਿਹਾਇਸ਼ ਵਾਲੇ ਦੇਸ਼ ਵਿਚ ਢੁਕਵੇਂ ਪ੍ਰੋਵਾਈਡਰ (ਡਾਕਟਰ ਆਦਿ) ਲੱਭਣ ਲਈ, ਅਤੇ ਸਹੀ ਰੂਪ ਵਿਚ ਖਰਚੇ ਦੇ ਕਲੇਮ ਵਰਕਸੇਫ ਬੀ ਸੀ ਨੂੰ ਭੇਜਣ ਲਈ ਤੁਸੀਂ ਜ਼ਿੰਮੇਵਾਰ ਹੋ ਸਕਦੇ ਹੋ।

### ਜੇ ਮੈਂ ਆਪਣੇ ਕਲੇਮ ਦੇ ਫੈਸਲੇ ਨਾਲ ਅਸਹਿਮਤ ਹੋਵਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਵਰਕਸੇਫ ਬੀ ਸੀ ਦੇ ਫੈਸਲੇ ਨਾਲ ਸਹਿਮਤ ਨਾ ਹੋਵੋ ਤਾਂ ਤੁਹਾਨੂੰ ਰਿਵੀਊ (ਮੁੜ ਵਿਚਾਰ) (Review) ਕੀਤੇ ਜਾਣ ਲਈ ਕਹਿਣ ਦਾ ਹੱਕ ਹੈ। ਤੁਹਾਡੇ ਲਈ 90 ਦਿਨਾਂ ਦੇ ਵਿਚ ਵਿਚ ਰਿਵੀਊ ਲਈ ਬੇਨਤੀ ਕਰਨੀ ਜ਼ਰੂਰੀ ਹੈ। ਜੇ ਤੁਸੀਂ ਰਿਵੀਊ ਡਿਵੀਜ਼ਨ (Review Division) ਦੇ ਫੈਸਲੇ ਨਾਲ ਅਸਹਿਮਤ ਹੋਵੋ ਤਾਂ ਤੁਹਾਡੇ ਕੋਲ ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (WCAT) ਕੋਲ ਅਪੀਲ ਕਰਨ ਲਈ 30 ਦਿਨ ਹਨ।

## ਕੰਮ ’ਤੇ ਸਿਹਤ ਅਤੇ ਸੁਰੱਖਿਆ

ਕਾਨੂੰਨੀ ਤੌਰ ’ਤੇ, ਕੰਮ-ਮਾਲਕਾਂ ਲਈ ਆਪਣੇ ਵਰਕਰਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ।

ਜੇ ਤੁਸੀਂ ਆਪਣੇ ਕੰਮ ਵਾਲੀ ਥਾਂ ’ਤੇ ਸੁਰੱਖਿਆ ਬਾਰੇ ਫਿਕਰਮੰਦ ਹੋਵੋ, ਜਾਂ ਜੇ ਤੁਹਾਡਾ ਕੰਮ-ਮਾਲਕ ਤੁਹਾਨੂੰ ਕੋਈ ਅਜਿਹੀ ਚੀਜ਼ ਕਰਨ ਲਈ ਕਹਿੰਦਾ ਹੈ ਜਿਹੜੀ ਖਤਰੇ ਭਰੀ ਦਿਖਾਈ ਦਿੰਦੀ ਹੈ ਤਾਂ ਤੁਹਾਨੂੰ ਆਪਣੇ ਫਿਕਰਾਂ ਬਾਰੇ ਆਪਣੇ ਸੁਪਰਵਾਈਜ਼ਰ ਨੂੰ ਜਾਂ ਆਪਣੇ ਕੰਮ-ਮਾਲਕ ਦੇ ਕਿਸੇ ਹੋਰ ਵਿਅਕਤੀ ਨੂੰ ਫੌਰਨ ਦੱਸਣਾ ਚਾਹੀਦਾ ਹੈ। ਤੁਹਾਨੂੰ ਅਸੁਰੱਖਿਅਤ ਕੰਮ ਤੋਂ ਨਾਂਹ ਕਰਨ, ਅਤੇ ਆਪਣੇ ਕੰਮ ਦੇ ਖਤਰਿਆਂ ਬਾਰੇ ਜਾਣਕਾਰੀ ਮਿਲਣ ਦਾ ਹੱਕ ਹੈ। ਜੇ ਤੁਹਾਡੇ ਫਿਕਰਾਂ ਦਾ ਹੱਲ ਸਹੀ ਤੌਰ ’ਤੇ ਨਹੀਂ ਕੀਤਾ ਜਾਂਦਾ ਤਾਂ ਤੁਹਾਨੂੰ ਆਪਣੇ ਫਿਕਰਾਂ ਬਾਰੇ ਵਰਕਸੇਫ ਬੀ ਸੀ ਨੂੰ ਦੱਸਣ ਦਾ ਹੱਕ ਹੈ।

ਸਿਹਤ ਅਤੇ ਸੇਫਟੀ ਦਾ ਕੋਈ ਫਿਕਰ ਉਠਾਉਣ ਕਰਕੇ ਕਿਸੇ ਵਰਕਰ ਨੂੰ ਕੰਮ ਤੋਂ ਹਟਾਉਣਾ ਜਾਂ ਕੋਈ ਹੋਰ ਨਾਂਹ-ਪੱਖੀ ਕਦਮ ਚੁੱਕਣਾ, ਕੰਮ-ਮਾਲਕ ਲਈ ਗੈਰਕਾਨੂੰਨੀ ਹੈ। ਜੇ ਤੁਹਾਡਾ ਕੰਮ-ਮਾਲਕ ਅਜਿਹਾ ਕਰਦਾ ਹੈ ਤਾਂ ਤੁਸੀਂ ਵਰਕਸੇਫ ਬੀ ਸੀ ਕੋਲ “ਮਨਾਹੀ ਵਾਲੇ ਐਕਸ਼ਨ” ਦੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਜੇ ਤੁਸੀਂ ਆਪਣੀ ਸ਼ਿਕਾਇਤ ਵਿਚ ਕਾਮਯਾਬ ਹੋ ਜਾਂਦੇ ਹੋ ਤਾਂ ਵਰਕਸੇਫ ਬੀ ਸੀ ਕਈ ਹੱਲ ਕੀਤੇ ਜਾਣ ਦਾ ਹੁਕਮ ਦੇ ਸਕਦਾ ਹੈ ਜਿਵੇਂ ਕਿ ਕੰਮ-ਮਾਲਕ ਨੂੰ ਤੁਹਾਡੀ ਤਨਖਾਹ ਦੇ ਹਰਜਾਨੇ ਦਾ ਭੁਗਤਾਨ ਕਰਨ ਲਈ ਕਹਿਣਾ, ਜਾਂ ਤੁਹਾਨੂੰ ਆਪਣੇ ਕੰਮ ’ਤੇ ਮੁੜ ਕੇ ਬਹਾਲ ਕਰਨਾ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਅੰਗਰੇਜ਼ੀ ਵਿਚ ਸਾਡੀ ਤੱਥਸ਼ੀਟ “ਪ੍ਰੋਹਿਬਟਿਡ ਐਕਸ਼ਨਜ਼ ਰੀਲੇਟਡ ਟੂ ਆਕੂਪੇਸ਼ਨਲ ਹੈਲਥ ਐਂਡ ਸੇਫਟੀ” (Prohibited Actions Related to Occupational Health and Safety) ਦੇਖੋ।

ਵਰਕਸੇਫ ਬੀ ਸੀ ਕੋਲ ਰਿਪੋਰਟ ਕਰਨ ਲਈ, ਤੁਸੀਂ ਵਰਕਸੇਫ ਬੀ ਸੀ ਦੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ ਨੂੰ 1 888 621-SAFE ’ਤੇ ਫੋਨ ਕਰ ਸਕਦੇ ਹੋ। ਮੰਗ ਕਰਨ ’ਤੇ ਦੋਭਾਸ਼ੀਏ ਉਪਲਬਧ ਹਨ।